Surrey Schools
LEADERSHIP IN LEARNING

Tel: 604.596.7733
www.sd36.bc.ca

# ਅਜਨਬੀ ਵਿਅਕਤੀ ਤੋਂ ਚੇਤਾਵਨੀ / ਸੁਰਖਿੱਆ ਲਈ ਸੁਝਾਅ
# Stranger Alert / safety tips

## ਜਦੋਂ ਕੋਈ ਅਣਜਾਣਿਆ ਵਿਅਕਤੀ ਮੇਰੇ ਬੱਚੇ ਨਾਲ ਸਪੰਰਕ ਕਰੇ ਤਾਂ ਮੈਂ ਕੀ ਕਰਾਂ ?

1. ਪੁਲੀਸ ਨੂੰ ਫੋਨ ਕਰੋ । ਓਸ ਵਿਅਕਤੀ ਦਾ ਹੁਲੀਆ ਪੁਲੀਸ ਨੂੰ ਦਿਓ ਅਤੇ ਪੁਲੀਸ ਆਪਣੀ ਹੋਰ ਜਾਣਕਾਰੀ ਨਾਲ ਤਬਾਦਲਾ ਕਰੇਗੀ ਅਤੇ ਦੇਖੇਗੀ ਕਿ ਇਹ ਵਿਅਕਤੀ ਕੁੱਝ ਇਸ ਤਰਾਂ ਦੇ ਜਾਚਿਆਂ ਵਿਅਕਤੀਆਂ ਵਿੱਚੋਂ ਤਾਂ ਨਹੀਂ ਹੈ ਜਦੌਂ ਇਸ ਤਰਾਂ ਦਾ ਕੇਸ ਦਰਜ ਹੋ ਜਾਂਦਾ ਹੈ ਤਾਂ ਪੁਲੀਸ ਵਾਲੇ ਤੁਹਾਨੂੰ ਇੱਕ ਕੇਸ ਦਾ ਨੰਬਰ ਦਿੰਦੇ ਹਨ, ਓਹਨੂੰ ਸਾਂਭ ਕਿ ਰੱਖੋ ।

2. ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਘਟਨਾ ਬਾਰੇ ਦੱਸੋ । ਹੋ ਸਕਦਾ ਓਸ ਅਜਨਬੀ ਦਾ ਹੁਲੀਆ ਬਾਕੀ ਦੇ ਬੱਚਿਆਂ ਨਾਲ ਸਾਂਝਾ ਕਰਨਾ ਪਵੇ  ਜਾਂ ਓਸ ਵਿਅਕਤੀ ਦੀ ਕਾਰ ਦੀ ਜਾਣਕਾਰੀ ਦੂਸਰੇ ਬੱਚਿਆਂ ਦੀ ਸੁਰਖਸ਼ਾ ਬਾਰੇ ਸਾਰੇ ਭਾਈਚਾਰੇ ਨੂੰ ਦੱਸਣੀ ਪਵੇ ।

## ਬੱਚਿਆਂ ਦੀ ਸੁਰਖਿੱਆ ਲਈ ਕੁੱਝ ਸੁਝਾਅ:

1. ਘਰ ਨੂੰ ਆਣ ਜਾਂ ਸਕੂਲ ਨੂੰ ਜਾਣ ਵੇਲੇ, ਠੀਕ ਰਾਹ ਰਾਹੀਂ ਜਾਵੋ । ਵਿਚਦੀ, ਛੋਟਾ ਰਸਤਾ ਨਾਂ ਵਰਤੋ ।
2. ਇਕੱਲੇ ਨਾ ਤੁਰੋ, ਘਰ ਜਾਂ ਸਕੂਲ ਨੂੰ ਜਾਣ ਵੇਲੇ ਆਪਣੇ ਦੋਸਤਾਂ ਨਾਲ ਸਫਰ ਤਹਿ ਕਰੋ ।
3. ਜਦੋਂ ਵੀ ਕਿਤੇ ਜਾਵੋ ਤਾਂ ਘਰ ਵਿੱਚ ਦੱਸ ਕਿ ਜਾਓ ਕਿ ਕਿਥੇ ਜਾ ਰਹੇ ਹੋ ਅਤੇ ਕਦ ਵਾਪਿਸ ਆਓਗੇ ।
4. ਦੋਸਤਾਂ ਦੇ ਘਰ ਤੋਂ ਤੁਰਨ ਤੋਂ ਪਹਿਲਾਂ ਫੋਨ ਕਰ ਦਿਓ ਕਿ ਮੈਂ ਹੁਣ ਤੁਰਨ ਲੱਗਾਂ ਹਾਂ ।
5. ਅਗਰ ਸਕੀਮ ਬਦਲ ਜਾਵੇ ਤਾ ਵੀ ਝੱਟਪੱਟ ਘਰ ਦਿਆਂ ਨੂੰ ਫੋਨ ਰਾਹੀਂ ਖਬਰ ਦੇ ਦਿਓ ।
6. ਆਪਣਾ ਬੈਗ ਹੱਥ ਵਿੱਚ ਫੜ ਕਿ ਤੁਰੋ, ਓਸ ਨੂੰ ਪਿੱਛੈ ਨਾ ਲਟਕਾਓ ।
7. ਰਸਤੇ ਵਿੱਚ ਕਿਸੇ ਵੀ ਅਣਜਾਣ ਵਿਅਕਤੀ ਦੀ ਕੋਈ ਵੀ ਮਦਦ ਕਰਨ ਲਈ ਨਾ ਰੁਕੋ ।
8. ਆਪਣੇ ਨਾਲ ਕੋਈ ਵੀ ਹਥਿਆਰ ਨਾ ਲੈ ਕਿ ਤੁਰੋ, ਇਹ ਤੁਹਾਡੇ ਓਪਰ ਹੀ ਵਰਤਿਆ ਜਾ ਸਕਦਾ ਹੈ ।
9. ਆਪਣੀਆਂ ਭਾਵਨਾਂਵਾਂ ਦਾ ਯਕੀਨ ਕਰੋ, ਜਦੋਂ ਕੋਈ ਵਿਅਕਤੀ ਠੀਕ ਨਹੀਂ ਲੱਗਦਾ ਤਾਂ ਓਹ ਠੀਕ ਨਹੀਂ ।
10. ਅਗਰ ਤੁਸੀਂ ਕਿਸੇ ਦੀ ਪਕੜ ਵਿੱਚ ਆ ਜਾਵੋਂ ਤਾਂ ਓਚੀ ਓਚੀ ਚਿਲਾਓ ਅਤੇ ਦੋੜੋ ।